MANU

Sl. No. 106–R–C46

2006

# PUNJABI

## Paper—II

## ( Literature )

| Time Allowed : Three Hours | Maximum Marks 300 |
|---|---|

### INSTRUCTIONS

**Candidates should attempt Questions 1 and 5 which are compulsory, and any THREE of the remaining questions, selecting at least ONE question from each Section.**

**The number of marks carried by each question is indicated at the end of the question.**

**Answers must be written in Punjabi (Gurmukhi Script).**

punjabiforias.com by Satinder Sir

### Section—A

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਤਿੰਨ ਦੀ ਪ੍ਰਸੰਗ ਸਹਿਤ ਅਤੇ ਆਲੋਚਨਾਤਮਕ ਵਿਆਖਿਆ ਕਰੋ: 20×3=60

(a) ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥
ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ॥
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥
ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ ॥
ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥



Scanned with CamScanner

UNAM

(b) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥24॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥25॥
ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥26॥
ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓੁ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥27॥

(c) ਮਾਟੀ ਕੁਦਮ ਕਰੇਂਦੀ ਯਾਰ, ਮਾਟੀ ਕੁਦਮ ਕਰੇਂਦੀ ਯਾਰ ।
ਮਾਟੀ ਜੋੜਾ ਮਾਟੀ ਘੋੜਾ, ਮਾਟੀ ਦਾ ਅਸਵਾਰ,
ਮਾਟੀ ਮਾਟੀ ਨੂੰ ਦੌੜਾਏ, ਮਾਟੀ ਦਾ ਖੜਕਾਰ ।...
ਮਾਟੀ ਮਾਟੀ ਨੂੰ ਮਾਰਨ ਲੱਗੀ ਮਾਟੀ ਦਾ ਹਥਿਆਰ,
ਜਿਸ ਮਾਟੀ ਪਰ ਬਹੁਤੀ ਮਾਟੀ ਤਿਸ ਮਾਟੀ ਹੰਕਾਰ ।...
ਮਾਟੀ ਬਾਗ਼ ਬਗ਼ੀਚਾ ਮਾਟੀ, ਮਾਟੀ ਦੀ ਗੁਲਜ਼ਾਰ,
ਮਾਟੀ ਮਾਟੀ ਨੂੰ ਵੇਖਣ ਆਈ ਮਾਟੀ ਦੀ ਏ ਬਹਾਰ ।...
ਹੱਸ ਖੇਡ ਮੁੜ ਮਾਟੀ ਹੋਈ ਮਾਟੀ ਪਾਉਂ ਪਸਾਰ,
ਬੁੱਲ੍ਹਾ ਇਹ ਬੁਝਾਰਤ ਬੁੱਝੇਂ, ਲਾਹ ਸਿਰੋਂ ਭੋਇੰ ਮਾਰ ।
ਮਾਟੀ ਕੁਦਮ ਕਰੇਂਦੀ ਯਾਰ, ਮਾਟੀ ਕੁਦਮ ਕਰੇਂਦੀ ਯਾਰ ।

(d) ਬਾਪ ਕਰੇ ਪਿਆਰ ਤੇ ਵੈਰ ਭਾਈ, ਡਰ ਬਾਪ ਦੇ ਥੀਂ
ਨਹੀਂ ਸੰਗਦੇ ਨੀ ।
ਗੁੱਝੇ ਮਿਹਣੇ ਮਾਰਦੇ ਸੱਪ ਵਾਂਗੂੰ, ਉਹਦੇ ਕਾਲਜੇ ਨੂੰ
ਪਏ ਡੰਗਦੇ ਨੀ ।
ਕੋਈ ਵੱਸ ਨਾ ਚੱਲਣੇਂ ਕੱਢ ਛੱਡਣ, ਦੇਂਦੇ ਮਿਹਣੇ ਰੰਗ
ਬਰੰਗ ਦੇ ਨੀ ।
ਵਾਰਿਸ ਸ਼ਾਹ ਇਹ ਗ਼ਰਜ਼ ਹੈ ਬਹੁਤ ਪਿਆਰੀ,
ਹੋਰ ਸਾਕ ਨਾ ਸੈਨ ਨਾ ਅੰਗ ਦੇ ਨੀ ।

2. 'ਜਪੁ ਜੀ' ਆਧਾਰ ਤੇ ਗੁਰੂ ਨਾਨਕ ਦੇਵ ਦੀ ਕਾਵਿ-ਦ੍ਰਿਸ਼ਟੀ ਦਾ ਅਧਿਐਨ ਪੇਸ਼ ਕਰੋ । 60

punjabiforias.com by Satinder Sir



Scanned with CamScanner

3. ਕਿੱਸਾ ਹੀਰ-ਵਾਰਿਸ ਦੇ ਕਥਾ-ਸੰਸਾਰ ਵਿਚ ਆਸ਼ਕੀ ਅਤੇ ਫ਼ਕੀਰੀ ਦਾ ਕੀ ਮਹੱਤਵ ਹੈ? 60

4. ਸੂਫ਼ੀਵਾਦ ਦੇ ਮੁੱਖ ਲੱਛਣ ਦੱਸਦੇ ਹੋਏ ਬੁੱਲ੍ਹੇ ਸ਼ਾਹ ਦੇ ਕਲਾਮ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ। 60

## Section—B

5. ਹੇਠਾਂ ਲਿਖੇ ਕਾਵਿ/ਗੱਦ ਖੰਡਾਂ ਵਿਚੋਂ ਕਿਸੇ ਤਿੰਨ ਦੀ ਆਲੋਚਨਾਤਮਕ ਵਿਆਖਿਆ ਪੇਸ਼ ਕਰੋ: 20×3=60

(a) ਇਕ ਰੋਜ਼ ਬਡਾਲੇ ਦੇ ਵਿਚ ਬੈਠੇ, ਚਲੀ ਆਣ ਫ਼ਿਰੰਗੀ ਦੀ ਬਾਤ ਆਹੀ।
ਜਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ, ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉੱਤੇ ਆਫ਼ਾਤ ਆਹੀ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕੋਈ ਨਹੀਂ ਸੀ ਤੀਸਰੀ ਜਾਤ ਆਹੀ।

(b) ਰਾਹੋਂ ਘੁੱਸ ਕੇ, ਜੇ ਇਧਰ ਆ ਜਾਂਦੋਂ, ਜਿੰਦ ਸਹਿਕਦੀ ਨੂੰ ਝਾਤੀ ਪਾ ਜਾਂਦੋਂ।
ਨਾਲੇ ਬੁੱਝਦੀਆਂ ਆਂਦਰਾਂ ਠਾਰ ਜਾਂਦੋਂ, ਨਾਲੇ ਆਪਣਾ ਫ਼ਰਜ਼ ਨਿਭਾ ਜਾਂਦੋਂ।
ਮੇਰੀ ਜੁੱਗਾਂ ਦੀ ਤਾਂਘ ਮੁਕਾ ਜਾਂਦੋਂ, ਲੱਗੀ ਪ੍ਰੀਤ ਨੂੰ ਤੋੜ ਨਿਭਾ ਜਾਂਦੋਂ।
ਜਿਨ੍ਹਾਂ ਹੱਥਾਂ ਨੇ ਧਨੁਸ਼ ਮਰੋੜਿਆ ਸੀ, ਰਾਵਣ ਜਿੰਨ ਨੂੰ ਭੀ ਉਹ ਵਿਖਾ ਜਾਂਦੋਂ।

(c) "ਇਤਿਹਾਸ ਮਨੁੱਖੀ ਕਾਰਨਾਮਿਆਂ ਦਾ ਚਿੱਠਾ ਹੈ। ਚਿਤਰਕਾਰੀ, ਸ਼ਿਲਪ-ਕਾਰੀ, ਸੰਗੀਤ ਮਨੁੱਖੀ ਰੀਝਾਂ ਦੇ ਪ੍ਰਗਟਾਵੇ ਹਨ। ਸਿਆਸਤ ਇਹਨਾਂ ਰੀਝਾਂ ਦੀ ਪ੍ਰਾਪਤੀ ਦਾ ਸਾਧਨ ਹੈ, ਤੇ ਇਹ ਸਾਧਨ ਓਡਾ ਹੀ ਸੁਚੱਜਾ ਤੇ ਓਡਾ ਹੀ

punjabiforias.com
by Satinder Sir



Scanned with CamScanner

ਇਨਸਾਫ਼ ਭਰਿਆ ਹੋ ਸਕਦਾ ਹੈ, ਜੇਹੜਾ ਸੁਚੱਜਾ ਤੇ ਜੇਹੜਾ ਇਨਸਾਫ਼ ਮਨੁੱਖ ਦੀ ਕਲਪਨਾ ਵਿਚ ਆ ਚੁੱਕਿਆ ਹੋਵੇ।

ਕਲਪਨਾਵਾਂ ਪੂਰਨ ਦੀ ਸਮਰੱਥਾ ਸਾਹਿਤ ਵਿਚ ਹੀ ਹੈ। ਸਾਹਿਤ ਰੀਝਾਂ ਉਕਸਾ ਸਕਦਾ ਹੈ; ਰੀਝਾਂ ਦੇ ਉਤਾਰ ਚੜ੍ਹਾਵਾਂ ਦੇ ਸ਼ਬਦ-ਚਿਤਰ ਖਿੱਚ ਕੇ, ਮਨੁੱਖੀ ਦਿਲ ਦੇ ਅਰਮਾਨਾਂ ਨੂੰ ਉਹਦੇ ਸਮਝਣ ਲਈ ਸਾਮ੍ਹਣੇ ਲਿਆ ਧਰਦਾ ਹੈ, ਉਹਦੇ ਸੁਪਨਿਆਂ ਨੂੰ ਪੂਰਨਤਾ ਦੀ ਸ਼ਕਲ ਦੇਕੇ ਅੰਤਿਮ ਜਿੱਤ ਲਈ ਭਰੋਸਾ ਕਾਇਮ ਰਖ ਸਕਦਾ ਹੈ।''

(d) ''ਮਨੁੱਖ ਉੱਤੇ ਜੋ ਵਰਤਦੀ ਘਟਦੀ ਹੈ, ਉਸ ਦੀ ਸੂਝ ਅਤੇ ਇਸ ਸੂਝ ਦੇ ਸੁਭਾਵ ਅਰ ਕਰਮ ਪ੍ਰਗਟ ਹੋਣ ਨੂੰ ਅਸੀਂ ਉਸਦੇ ਅਨੁਭਵ ਦਾ ਪ੍ਰਕਾਸ਼ ਕਹਿ ਸਕਦੇ ਹਾਂ। ਮਨੁੱਖ ਦੇ ਸੁਭਾਵ ਕਰਮ ਦੀ ਪ੍ਰੇਰਨਾ ਦੇ ਦੋ ਸੋਮੇ ਹਨ: ਬੁੱਧੀ ਤੇ ਮਨੋਭਾਵ। ਮਨੋਭਾਵ ਤੋਂ ਮਨ ਵਚਨ ਵਿਚ ਕਰਮ ਉਤਪੱਤੀ ਤੇ ਉਤੇਜਨਾ ਹੁੰਦੀ ਹੈ ਪਰ ਇਸ ਮਨ ਵਚਨ ਕਰਮ ਨੂੰ ਪਾਲਣ ਪੋਸਣ ਵਾਲੀ ਸ਼ਕਤੀ ਬੁੱਧੀ ਹੈ। ਜਿੱਥੇ ਇਸ ਬੁੱਧੀ ਤੇ ਮਨੋਭਾਵਾਂ ਦਾ ਸਮਾਪ ਮੇਲ ਹੈ ਉੱਥੇ ਠੀਕ ਅਨੁਭਵ ਦੀ ਆਸ ਰੱਖਣੀ ਚਾਹੀਦੀ ਹੈ। ਅਤੇ ਜਿੱਥੇ ਇਨ੍ਹਾਂ ਦੋਹਾਂ ਸ਼ਕਤੀਆਂ ਦੇ ਮੇਲ ਵਿਚ ਸਮਾਪ ਨਹੀਂ ਰਹਿੰਦਾ ਉੱਥੇ ਅਨੁਭਵ ਵੀ ਉਲਾਰ ਹੋ ਜਾਂਦਾ ਹੈ।''

6. ਨਾਨਕਸਿੰਘ ਦੇ ਨਾਵਲ ਪਵਿੱਤਰ ਪਾਪੀ ਵਿਚ ਨਾਇਕ ਦੀ ਕੀ ਸਮੱਸਿਆ ਹੈ? ਨਾਵਲਕਾਰ ਨੇ ਇਸ ਸਮੱਸਿਆ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਹੈ? 60

7. ਬਲਵੰਤ ਗਾਰਗੀ ਦੇ ਨਾਟਕ ਰਜ਼ੀਆ ਸੁਲਤਾਨ ਨੂੰ ਇਤਿਹਾਸਕ ਨਾਟਕ ਦੀ ਵਿਧਾ ਦੇ ਅੰਤਰਗਤ ਪਰਖੋ। 60

8. 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦੇ ਆਧਾਰ ਤੇ ਬਲਰਾਜ ਸਾਹਨੀ ਦੀ ਵਾਰਤਕ ਸ਼ੈਲੀ ਦਾ ਅਧਿਐਨ ਪੇਸ਼ ਕਰੋ। 60

* * *



punjabiforias.com by Satinder Sir

Scanned with CamScanner